# ਜ਼ਿਲ੍ਹਾ ਪੱਧਰ

1. ਵਿਦਿਆਰਥੀ ਦੀ ਈ-ਪੰਜਾਬ ਆਈ-ਡੀ ਗਲਤ ਹੋਣ ਦੀ ਹਾਲਤ ਵਿੱਚ ਵਿਦਿਆਰਥੀ ਕੁਇਜ਼ ਵਿਚੋਂ Disqualify ਸਮਝਿਆ ਜਾਵੇਗਾ।
2. ਜੇਕਰ ਵਿਦਿਆਰਥੀ ਦੀ ਈ-ਪੰਜਾਬ ਆਈ-ਡੀ ਸਰਵਰ ਦੇ ਰਜਿਲਟ ਵਿੱਚ ਰਿਪੀਟ ਹੋ ਜਾਂਦੀ ਹੈ ਤਾਂ ਵੀ ਵਿਦਿਆਰਥੀ ਕੁਇਜ਼ ਵਿਚੋਂ Disqualify ਸਮਝਿਆ ਜਾਵੇਗਾ।
3. ਪੰਜਾਬ ਦੇ ਸਾਰੇ ਬਲਾਕ ਵਿੱਚੋਂ 9ਵੀ ਅਤੇ 10ਵੀਂ ਕਲਾਸ ਦੇ ਚੁਣੇ ਗਏ 2-2 ਵਿਦਿਆਰਥੀ ਜ਼ਿਲ੍ਹ ਪੱਧਰ ਤੇ ਟੈਸਟ ਦੇਣਗੇ।
4. ਜ਼ਿਲ੍ਹ ਪੱਧਰ ਲਈ ਵੀ ਨਵਾਂ ਸਾਫਟਵੇਅਰ (District Level Quiz Master) ਦਿੱਤਾ ਜਾਵੇਗਾ।
5. ਜ਼ਿਲ੍ਹ ਪੱਧਰ ਦੇ ਟੈਸਟ ਵਿੱਚ ਵਿਦਿਆਰਥੀਆਂ ਲਈ 15 ਮਿੰਟਾਂ ਵਿੱਚ 30 ਬਹੁ-ਪਸੰਦੀ ਪ੍ਰਸ਼ਨ (MCQ's) ਅਤੇ ਵੱਖਰੇ 10 ਮਿੰਟ **ਪੰਜਾਬੀ ਟਾਇਪਿੰਗ(ਅਨਮੋਲ ਲਿਪੀ)** ਲਈ ਦਿੱਤੇ ਜਾਣਗੇ ਜੋ ਕਿ ਸਾਫਟਵੇਅਰ ਵਿੱਚ ਹੀ ਹੋਵੇਗੀ।
6. ਜ਼ਿਲ੍ਹ ਪੱਧਰ ਦੇ ਟੈਸਟ ਲਈ ਪ੍ਰਸ਼ਨਾਵਲੀ (Questionnaire) DGSE ਦਫਤਰ ਵੱਲੋਂ ਮੌਕੇ ਤੇ ਦਿੱਤੀ ਜਾਵੇਗੀ ਜੋਕਿ ਸਾਫਟਵੇਅਰ ਤੇ ਲੱਗੇ ਬਟਨ "Check Question" ਤੇ ਕਲਿੱਕ ਕਰਕੇ ਸਿੱਧੇ ਸਾਫਟਵੇਅਰ ਵਿੱਚ ਹੀ ਡਾਉਨਲੋਡ ਕੀਤੀ ਜਾ ਸਕੇਗੀ।
7. ਸਾਰੇ ਵਿਦਿਆਰਥੀਆਂ ਦਾ ਟੈਸਟ ਲੈਣ ਤੋਂ ਬਾਅਦ ਸਾਫਟਵੇਅਰ ਵਿੱਚ ਲੱਗੇ ਬਟਨ " Show Result" ਤੇ ਕਲਿੱਕ ਕਰਕੇ ਰਿਜ਼ਲਟ ਦੇਖਿਆ ਜਾ ਸਕਦਾ ਹੈ ਅਤੇ ਹੇਠਾਂ ਦਿੱਤੇ " Upload " ਬਟਨ ਤੇ ਕਲਿੱਕ ਕਰਕੇ ਰਿਜ਼ਲਟ ਨੂੰ www.ssapunjab.org ਦੇ ਸਰਵਰ ਤੇ ਅਪਲੋਡ ਕੀਤਾ ਜਾਵੇਗਾ।
8. ਸਾਰੇ ਜ਼ਿਲ੍ਹੇ ਆਪਣਾ ਰਿਜ਼ਲਟ ਟੈਸਟ ਵਾਲੇ ਦਿਨ ਟੈਸਟ ਲੈਣ ਤੋਂ ਬਾਅਦ ਅਪਲੋਡ ਕਰਨਗੇ।
9. ਜ਼ਿਲ੍ਹ ਪੱਧਰ ਦੇ ਟੈਸਟ ਲਈ ਸਕੂਲ ਲੈਬਜ਼ ਦਾ ਚੁਨਾਵ ਸਬੰਧਿਤ ਜ਼ਿਲ੍ਹਾ ਸਿੱਖਿਆ ਅਫਸਰ ਆਪਣੇ ਪੱਧਰ ਤੇ ਕਰਣਗੇ।

ਨੋਟ:

1. ਈ-ਲੈਬ ਦੇ ਇੱਕ ਤੋ ਵੱਧ ਸੀ.ਪੀ.ਯੂ.(ਸਰਵਰ) ਉੱਪਰ ਇਹ ਸਾਫਟਵੇਅਰ ਇੰਸਟਾੱਲ ਕੀਤਾ ਜਾ ਸਕਦਾ ਹੈ ਜਿਸ ਉੱਪਰ ਇੰਟਰਨੈੱਟ ਚਾਲੂ ਹਾਲਤ ਵਿੱਚ ਹੋਵੇ।
2. ਪ੍ਰਸ਼ਨਾਵਲੀ ਡਾਉਨਲੋਡ ਅਤੇ ਰਿਜ਼ਲਟ ਅਪਲੋਡ ਕਰਨ ਵੇਲੇ ਇੰਟਰਨੈੱਟ ਚਾਲੂ ਹਾਲਤ ਵਿੱਚ ਹੋਵੇ।
3. ਧਿਆਨ ਦੇਣ ਯੋਗ ਗੱਲ ਹੈ ਕਿ ਅਪਲੋਡ ਬਟਨ ਤੇ ਇੱਕੋ ਵਾਰੀ ਹੀ ਕਲਿੱਕ ਕੀਤਾ ਜਾ ਸਕਦਾ ਹੈ। ਇਸ ਲਈ ਹਦਾਇਤ ਕੀਤੀ ਜਾਂਦੀ ਹੈ ਸਾਰੇ ਵਿਦਿਆਰਥੀਆਂ ਦਾ ਟੈਸਟ ਲੈਣ ਉਪਰੰਤ ਹੀ ਅਪਲੋਡ ਬਟਨ ਤੇ ਕਲਿੱਕ ਕੀਤਾ ਜਾਵੇਗਾ।